# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਯਹੋਸ਼ੁਆ ਨੂੰ ਕੰਮ ਸੌਪਿਆ ਜਾਣਾ


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen



ਕਹਾਣੀ 13 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਮੂਸਾ ਮਰ ਗਿਆ ਸੀਂ। ਯਹੋਸ਼ੁਆ ਜਾਣਦਾ ਸੀਂ ਕੀ ਹੁਣ ਪਰਮੇਸ਼ਵਰ ਨੇਂ ਉਸਨੂੰ ਇਸਰਾਈਲੀਆਂ ਦੀ ਅਗਵਾਈ ਲਈ ਚੁਣਿਆ ਹੈ। ਇਸ ਤੌਂ ਪਹਿਲਾ ਯਹੋਸ਼ੁਆ ਆਪਣੀ ਸੈਨਾ ਤਿਆਰ ਕਰਦਾ, ਉਸਨੂੰ ਆਪਣੇ ਆਪ ਨੂੰ ਤਿਆਰ ਕਰਨਾਂ ਸੀਂ।



1

ਪਰਮੇਸ਼ਵਰ ਨੇਂ ਯਹੋਸ਼ੁਆ ਨਾਲ ਵਾਇਦੇ ਦੇ ਦੇਸ਼ ਵਿੱਚ ਜਿੱਤ ਅਤੇ ਜਾਇਦਾਦ ਦੇਣ ਦਾ ਵਾਇਦਾ ਕੀਤਾ ਜੇਕਰ ਲੋਕ ਹਮੇਸ਼ਾਂ ਪਰਮੇਸ਼ਵਰ ਦੇ ਵਚਨ ਨੂੰ ਮੰਨਣਗੇ।



2


ਇਸਰਾਈਲੀਆਂ ਨੇਂ ਯਹੋਸ਼ੁਆ ਦੇ ਪਿੱਛੇ ਚੱਲਣ ਦਾ ਅਤੇ ਪਰਮੇਸ਼ਵਰ ਦੇ ਵਚਨ ਦੀ ਹਮੇਸ਼ਾਂ ਪਾਲਣਾ ਕਰਨ ਦਾ ਵਾਇਦਾ ਕੀਤਾ।
3


ਬੁੱਧੀਮਾਨੀ ਨਾਲ ਨਵੇਂ ਅਗੁਵੇ ਨੇ ਖੋਜੀਆਂ ਨੂੰ ਕਨਾਨ ਦੇਸ਼ ਵਿੱਚ ਭੇਜਿਆ ਕੀ ਮਹਾਨ ਨਗਰ ਯਰੀਹੋ ਦੀ ਛਾਣ ਬੀਣ ਕਰਨ। ਉੱਥੇ ਇਸਰਾਈਲ ਦੀ ਪਹਿਲੀ ਲੜਾਈ ਹੋਣ ਜਾ ਰਹੀ ਸੀਂ।
4


ਕਿਸੇ ਨੇਂ ਸ਼ਹਿਰ ਦੇ ਰਾਜਾ ਨੂੰ ਜਾ ਕੇ ਦੱਸਿਆ ਕੀ ਸ਼ਹਿਰ ਵਿੱਚ ਖੋਜੀ ਆਏ ਹਨ। ਉਸਨੇਂ ਆਪਣੇ ਸਿਪਾਹੀਆਂ ਨੂੰ ਉਹਨਾਂ ਨੂੰ ਲੱਭਣ ਘੱਲਿਆ।ਖੋਜ ਰਾਹਾਬ ਦੇ ਘਰ ਤੋਂ ਸ਼ੁਰੂ ਹੋਈ, ਜਿੱਥੇ ਮਨੁੱਖ ਰੁਕੇ ਹੋਏ ਸਨ। ਸਿਪਾਹੀਆਂ ਨੇਂ ਉਸਦਾ ਦਰਵਾਜਾ ਬੜੀ ਹੀ ਕਠੋਰਤਾ ਨਾਲ ਖੜਕਾਇਆ।ਛੇਤੀ ਨਾਲ, ਰਾਹਾਬ ਨੇਂ ਮਨੁੱਖਾਂ ਨੂੰ ਕੁਝ ਸਣ ਦਿਆਂ ਗਰਨਿਆਂ ਹੇਠ ਲੁਕਾ ਦਿੱਤਾ।
5


ਜਦ ਸਿਪਾਹੀ ਚਲੇ ਗਏ, ਤਾਂ ਰਾਹਾਬ ਨੇਂ ਗੂੜੇ ਲਾਲ ਰੰਗ ਦੀ ਰੱਸੀ ਲੈਕੇ ਮਨੁੱਖਾਂ ਨੂੰ ਸੁਰੱਖਿਆ ਨਾਲ ਸ਼ਹਿਰ ਦੀ ਦੀਵਾਰ ਦੇ ਬਾਹਰ ਉਤਾਰਿਆ। ਉਸਨੇਂ ਖੋਜੀਆਂ ਦੀ ਸਹਾਇਤਾ ਕਿਉਂ ਕੀਤੀ ਸੀਂ?
6


ਕਿਉਂਕਿ ਉਹ ਜਾਣ ਗਈ ਸੀਂ ਕੀ ਪਰਮੇਸ਼ਵਰ ਉਹਨਾਂ ਦੇ ਨਾਲ ਹੈ। ਉਹ ਚਾਹੁੰਦੀ ਸੀਂ ਕੀ ਪਰਮੇਸ਼ਵਰ ਉਸਦੀ ਜਾਨ ਬਖਸ਼ ਦੇਵੇ। ਖੋਜੀਆਂ ਨੇਂ ਰਾਹਾਬ ਅਤੇ ਉਸਦੇ ਪਰਿਵਾਰ ਨੂੰ ਬਚਾਉਣ ਦਾ ਵਾਇਦਾ ਕੀਤਾ।
7


ਯਰੀਹੋ ਪਹੁੰਚਣ ਤੋਂ ਪਹਿਲਾ, ਪ੍ਰਤਿਗਿਆ ਦੇ ਦੇਸ਼ ਕਨਾਨ ਵਿੱਚ ਜਾਣ ਲਈ ਇਸਰਾਈਲੀਆ ਨੂੰ ਯਰਦਨ ਨਦੀ ਪਾਰ ਕਰਨੀ ਪੈਂਦੀ ਸੀਂ। ਪਰ ਉਥੇ ਪੁਲ ਨਹੀਂ ਸੀਂ! ਲੋਕ ਉਸਨੂੰ ਕਿਵੇਂ ਪਾਰ ਕਰਨਗੇ?
8

ਪਰਮੇਸ਼ਵਰ ਨੇਂ ਯਹੋਸ਼ੁਆ ਨੂੰ ਸੰਦੂਕ ਚੁੱਕਣ ਲਈ ਆਖਿਆ ਜਿਸ ਵਿੱਚ ਦਸ ਆਗਿਆਵਾਂ ਹਨ, ਯਾਜਕ ਸਿਪਾਹੀਆ ਅਤੇ ਲੋਕਾਂ ਦੀ ਅਗਵਾਈ ਕਰਨਗੇ। ਜਦੋਂ ਯਾਜਕਾਂ ਦੇ ਪੈਰਾਂ ਨੇਂ ਨਦੀ ਦੇ ਕਿਨਾਰੇ ਨੂੰ ਛੂਹਿਆ, ਤਾਂ ਪਰਮੇਸ਼ਵਰ ਨੇਂ ਚਮਤਕਾਰ ਕੀਤਾ।ਪਰਮੇਸ਼ਵਰ ਨੇਂ ਪਾਣੀ ਦੇ ਵਿੱਚੋਂ ਦੀ ਸੁੱਕਾ ਰਸਤਾ ਬਣਾ ਦਿੱਤਾ।



9

ਸਾਰਿਆਂ ਲੋਕਾਂ ਦੇ ਸੁਰੱਖਿਆ ਨਾਲ ਪਾਰ ਹੋਣ ਤੋਂ ਬਾਅਦ, ਉਹਨਾਂ ਨੇਂ ਬਾਰਾਂ ਵੱਡੇ ਪੱਥਰ ਨਦੀ ਦੇ ਤਲ ਤੇ ਅਤੇ ਹੋਰ ਬਾਰਾਂ ਕਨਾਨ ਦੀ ਨਦੀ ਦੇ ਕਿਨਾਰੇ ਰੱਖੇ। ਇਹ ਲੋਕਾਂ ਨੂੰ ਯਾਦ ਕਰਾਉਣ ਲਈ ਮਦਦ ਸੀ ਜੋ ਉਹ ਆਪਣੇ ਬੱਚਿਆਂ ਨੂੰ ਆਪਣੇ ਪਰਮੇਸ਼ਵਰ ਦੀ ਮਹਾਨ ਤਾਕਤ ਅਤੇ ਪਿਆਰ ਦੇ ਬਾਰੇ ਸਿਖਾਉਣ।



10



ਯਰੀਹੋ ਦੀ ਦੀਵਾਰ ਮੋਟੀ ਅਤੇ ਮਜਬੂਤ ਸੀਂ। ਜਿਵੇਂ ਹੀ ਯਹੋਸ਼ੁਆ ਨੇਂ ਹਮਲਾ ਕਰਨ ਦੀ ਯੋਜਨਾ ਬਣਾਈ, ਪਰਮੇਸ਼ਵਰ ਨੇਂ ਸਵਰਗ ਤੋਂ ਆਪਣੀ ਸੈਨਾਂ ਦੇ ਕਪਤਾਨ ਨੂੰ ਇਸਰਾਈਲੀਆਂ ਦੇ ਨਵੇਂ ਅਗੂਵੇ ਨੂੰ ਯਾਦ ਕਰਾਉਣ ਲਈ ਭੇਜਿਆ ਕੀ ਪਰਮੇਸ਼ਵਰ ਆਪਣੇ ਲੋਕਾਂ ਲਈ ਲੜਾਈ ਜਿੱਤ ਦਾ ਹੈ।

11



ਪਰਮੇਸ਼ਵਰ ਨੇਂ ਯਹੋਸ਼ੁਆ ਨੂੰ ਦੱਸਿਆ ਕੀ ਕਿਵੇਂ ਯਰੀਹੋ ਤੇ ਹਮਲਾ ਕਰਨਾ ਹੈ।ਉਹ ਇੱਕ ਬਹੁਤ ਹੀ ਅਨੋਖੀ ਯੋਜਨਾ ਸੀਂ। ਪਰਮੇਸ਼ਵਰ ਦੇ ਲੋਕਾਂ ਨੂੰ ਸ਼ਹਿਰ ਦੇ ਚਾਰੇ ਪਾਸੇ ਛੇ ਦਿਨਾਂ ਲਈ ਹਰ ਰੋਜ ਇੱਕ ਚੱਕਰ ਲਗਾਣਾਂ ਸੀਂ, ਅਤੇ ਸੱਤਵੇਂ ਦਿਨ ਸੱਤ ਵਾਰੀਂ। ਤਦ ਉਹ ਤੁਰਹੀ ਵਜਾਉਣ ਅਤੇ ਚੀਕਣ, ਅਤੇ ਸ਼ਹਿਰ ਦੀ ਦੀਵਾਰ ਡਿੱਗ ਜਾਵੇਗੀ!

12

ਯਹੋਸ਼ੁਆ ਅਤੇ ਉਸਦੇ ਸੈਨਿਕਾਂ ਨੇ ਉਸੇ ਤਰਾਂ ਕੀਤਾ ਜਿਸ ਤਰ੍ਹਾਂ ਪਰਮੇਸ਼ਵਰ ਨੇਂ ਉਹਨਾਂ ਨੂੰ ਆਗਿਆ ਦਿੱਤੀ ਸੀਂ। ਸ਼ਾਇਦ ਯਰੀਹੋ ਦੇ ਲੋਕ ਉਹਨਾਂ ਤੇ ਹੱਸਦੇ ਹੋਣੇ ਹਨ।




13

ਪਰ, ਸੱਤਵੇਂ ਦਿਨ ਦੇ ਸੱਤਵੇਂ ਚੱਕਰ ਦੇ ਬਾਅਦ ਯਾਜਕ ਨੇਂ ਮੇਂਢੇ ਦੇ ਸਿੰਘ ਦੀ ਤੁਰਹੀ ਵਜਾਈ। ਅਤੇ ਜਿਸ ਤਰ੍ਹਾ ਪਰਮੇਸ਼ਵਰ ਨੇਂ ਪ੍ਰਤਿਗਿਆ ਕੀਤੀ ਸੀਂ ... ਯਰੀਹੋ ਦੀ ਮਹਾਨ ਦੀਵਾਰ ਟੁਕੜੇ ਟੁਕੜੇ ਹੋ ਗਈ।




14













ਯਹੋਸ਼ੁਆ ਨੂੰ ਕੰਮ ਸੌਂਪਿਆ ਜਾਣਾ

ਇਹ ਕਹਾਣੀ ਪਰਮੇਸ੍ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੋਸ਼ੁਆ 1-6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ੍ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ੍ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ੍ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ੍ਵਰ ਨੂੰ ਆਖੋ : ਪਿਆਰੇ ਪਰਮੇਸ੍ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।